# ਕੀ ਮੈਂ ਯੋਗ ਹਾਂ ?

ਜੇ ਤੁਹਾਡੀ ਨੌਕਰੀ ਚਲੀ ਗਈ ਹੈ ਜਾਂ ਤੁਸੀਂ ਘੱਟ ਰੁਜ਼ਗਾਰ ਪ੍ਰਾਪਤ ਕਰ ਰਹੇ ਹੋ ਤਾਂ ਤੁਸੀਂ 26 ਹਫ਼ਤਿਆਂ ਤੱਕ ਬੇਰੁਜ਼ਗਾਰੀ ਲਾਭ ਪ੍ਰਾਪਤ ਕਰਨ ਦੇ ਹੱਕਦਾਰ ਹੋ ਸਕਦੇ ਹੋ। ਤੁਹਾਨੂੰ ਹੇਠ ਲਿਖੀਆਂ ਯੋਗਤਾ ਲੋੜਾਂ ਨੂੰ ਪੂਰਾ ਕਰਨਾ ਹੋਵੇਗਾ:

**1. ਤੁਸੀਂ ਬੇਰੁਜ਼ਗਾਰ ਜਾਂ ਘੱਟ ਰੁਜ਼ਗਾਰ ਪ੍ਰਾਪਤ ਕਰਨ ਵਾਲੇ ਹੋਣੇ ਚਾਹੀਦੇ ਹੋ।**

ਲਾਭ ਪ੍ਰਾਪਤ ਕਰਨ ਲਈ ਤੁਸੀਂ ਪੂਰੀ ਤਰ੍ਹਾਂ ਬੇਰੁਜ਼ਗਾਰ ਜਾਂ ਘੱਟ ਰੁਜ਼ਗਾਰ ਪ੍ਰਾਪਤ ਕਰਨ ਵਾਲੇ ਹੋਣੇ ਚਾਹੀਦੇ ਹੋ (ਦੂਜੇ ਸ਼ਬਦਾਂ ਵਿੱਚ ਤੁਸੀਂ ਹਫਤੇ ਦੌਰਾਨ 40 ਘੰਟਿਆਂ ਤੋਂ ਘੱਟ ਸਮੇਂ ਲਈ ਕੰਮ ਕੀਤਾ ਹੋਵੇ ਅਤੇ ਤੁਸੀਂ ਹੋਰ ਸਮਾਂ ਕੰਮ ਕਰਨਾ ਚਾਹੁੰਦੇ ਹੋ)। ਜੇ ਤੁਸੀਂ ਅੰਸ਼ਕ ਤੌਰ 'ਤੇ ਨੌਕਰੀ ਕਰਦੇ ਹੋ, ਤਾਂ ਆਪਣੀ ਸਾਰੀ ਆਮਦਨ ਦੀ ਰਿਪੋਰਟ ਰੁਜ਼ਗਾਰ ਵਿਕਾਸ ਵਿਭਾਗ (EDD) ਦੇ ਦਫਤਰ ਨੂੰ ਕਰਨਾ ਯਕੀਨੀ ਬਣਾਓ।

**2. ਤੁਸੀਂ ਰੁਜ਼ਗਾਰ ਦੀ ਤਲਾਸ਼ ਕਰਨ ਦੇ ਯੋਗ, ਇਸ ਲਈ ਉਪਲੱਬਧ ਅਤੇ ਸਰਗਰਮੀ ਨਾਲ ਰੁਜ਼ਗਾਰ ਦੀ ਤਲਾਸ਼ ਕਰ ਰਹੇ ਹੋਣੇ ਚਾਹੀਦੇ ਹੋ।**

ਤੁਸੀਂ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹੋ। ਇਸਦਾ ਮਤਲਬ ਇਹ ਹੈ ਕਿ ਤੁਸੀਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਕੰਮ ਕਰਨ ਦੇ ਯੋਗ ਹੋ, ਅਤੇ ਇਹ ਕਿ ਤੁਸੀਂ ਕੰਮ ਕਰਨ ਲਈ ਕਨੂੰਨੀ ਤੌਰ 'ਤੇ ਅਧਿਕਾਰਿਤ ਵੀ ਹੋ।

ਤੁਸੀਂ ਕੰਮ ਕਰਨ ਲਈ ਉਪਲਬਧ ਹੋਣੇ ਚਾਹੀਦੇ ਹੋ, ਜਿਸਦਾ ਮਤਲਬ ਹੈ ਕਿ ਤੁਹਾਨੂੰ ਆਪਣੇ ਖੇਤਰ ਵਿੱਚ ਜਾਂ ਆਪਣੇ ਹੁਨਰਾਂ ਜਾਂ ਅਨੁਭਵਾਂ ਦੇ ਅਧੀਨ ਢੁਕਵੇਂ ਕੰਮ ਨੂੰ ਤੁਰੰਤ ਸਵੀਕਾਰ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ।

ਤੁਹਾਨੂੰ ਸਰਗਰਮੀ ਨਾਲ ਕੰਮ ਦੀ ਤਲਾਸ਼ ਕਰ ਰਹੇ ਹੋਣੇ ਚਾਹੀਦੇ ਹੋ।

**3. ਤੁਸੀਂ ਆਪਣੀ ਗਲਤੀ ਤੋਂ ਬਿਨਾ ਆਪਣੀ ਨੌਕਰੀ ਗੁਆਈ ਹੋਣੀ ਚਾਹੀਦੀ ਹੈ।**

ਤੁਹਾਡੀ ਸਭ ਤੋਂ ਹਾਲੀਆ ਨੌਕਰੀ ਆਪਣੀ ਗਲਤੀ ਤੋਂ ਬਿਨਾ ਗੁਆਈ ਹੋਣੀ ਚਾਹੀਦੀ ਹੈ।

a. ਜੇ ਤੁਹਾਨੂੰ ਕੰਮ ਦੀ ਘਾਟ ਕਰਕੇ, ਅਸਥਾਈ ਤੌਰ 'ਤੇ ਜਾਂ ਸਥਾਈ ਤੌਰ 'ਤੇ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ, ਤਾਂ ਤੁਸੀਂ ਲਾਭ ਲੈਣ ਲਈ ਯੋਗ ਹੋ।

b. ਜੇ ਤੁਸੀਂ ਆਪਣੀ ਮਰਜ਼ੀ ਨਾਲ ਆਪਣੀ ਨੌਕਰੀ ਛੱਡ ਦਿੰਦੇ ਹੋ, ਤਾਂ ਤੁਸੀਂ ਲਾਭ ਲੈਣ ਲਈ ਯੋਗ ਹੋ ਸਕਦੇ ਹੋ ਬਸ਼ਰਤੇ ਕਿ ਤੁਹਾਡੇ ਕੋਲ ਕੋਈ ਵਧੀਆ ਕਾਰਨ ਹੈ ਅਤੇ ਤੁਸੀਂ ਨੌਕਰੀ ਛੱਡਣ ਤੋਂ ਪਹਿਲਾਂ ਸਮੱਸਿਆ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਦਾਹਰਨ ਲਈ, ਤੁਹਾਡੇ ਕੋਲ ਵਧੀਆ ਕਾਰਨ ਹੋ ਸਕਦਾ ਹੈ ਜੇ:

- ਤੁਹਾਨੂੰ ਸਿਹਤ ਅਤੇ ਸੁਰੱਖਿਆ ਨੂੰ ਨੁਕਸਾਨ ਹੋਣ ਦਾ ਉਚਿਤ ਅਤੇ ਸਦਭਾਵਨਾ ਨਾਲ ਡਰ ਸੀ
- ਲੇਬਰ ਕੋਡ ਦੀ ਉਲੰਘਣਾ ਹੋਈ ਸੀ
- ਕੋਈ ਪਰਿਵਾਰਕ ਐਮਰਜੈਂਸੀ ਸੀ
- ਤੁਹਾਡੇ ਨਾਲ ਗੈਰ-ਕਨੂੰਨੀ ਤਰੀਕੇ ਨਾਲ ਭੇਦਭਾਵ ਕੀਤਾ ਗਿਆ ਸੀ ਜਾਂ ਤੁਹਾਨੂੰ ਤੰਗ ਪਰੇਸ਼ਾਨ ਕੀਤਾ ਗਿਆ ਸੀ
- ਤੁਹਾਡੀ ਤੰਨਖਾ ਨੂੰ ਕਾਫੀ ਹੱਦ ਤੱਕ ਘਟਾ ਦਿੱਤਾ ਗਿਆ ਸੀ

ਇਸ ਕਰਕੇ ਨੌਕਰੀ ਛੱਡਣਾ ਕਿ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਨੌਕਰੀ ਤੋਂ ਕੱਢ ਦਿੱਤਾ ਜਾਵੇਗਾ, ਇਹ ਕੋਈ ਵਧੀਆ ਕਾਰਨ ਨਹੀਂ ਹੈ।

c. ਜੇ ਤੁਹਾਨੂੰ ਨੌਕਰੀ ਤੋਂ ਬਰਖਾਸਤ ਕੀਤਾ ਗਿਆ ਸੀ, ਤਾਂ ਵੀ ਤੁਸੀਂ ਲਾਭ ਲੈਣ ਲਈ ਯੋਗ ਹੋ ਸਕਦੇ ਹੋ ਬਸ਼ਰਤੇ ਕਿ ਤੁਹਾਨੂੰ ਦੁਰਵਿਵਹਾਰ ਕਰਕੇ ਨੌਕਰੀ ਤੋਂ ਨਾ ਕੱਢਿਆ ਗਿਆ ਹੋਵੇ।

ਜੇ ਤੁਹਾਨੂੰ ਦੁਰਵਿਵਹਾਰ ਕਰਕੇ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ ਤਾਂ ਤੁਸੀਂ ਲਾਭ ਲੈਣ ਵਾਸਤੇ ਅਯੋਗ ਹੋ ਸਕਦੇ ਹੋ ਜੇ ਤੁਸੀਂ ਜਾਣ ਬੁੱਝ ਕੇ ਜਾਂ ਲਾਪਰਵਾਹੀ ਨਾਲ

- ਉਸ ਡਿਊਟੀ ਦੀ ਉਲੰਘਣਾ ਕੀਤੀ ਹੈ ਜੋ ਤੁਹਾਡੇ ਰੁਜ਼ਗਾਰਦਾਤਾ ਪ੍ਰਤੀ ਇੱਕ ਕਰਮਚਾਰੀ ਵਜੋਂ ਤੁਹਾਡਾ ਫਰਜ਼ ਸੀ;
- ਉਲੰਘਣਾ ਕਾਫੀ ਵੱਡੀ ਸੀ; ਅਤੇ
- ਤੁਹਾਡੀਆਂ ਕਾਰਵਾਈਆਂ ਨੇ ਰੁਜ਼ਗਾਰਦਾਤਾ ਦੇ ਕਾਰੋਬਾਰੀ ਹਿੱਤਾਂ ਨੂੰ ਠੇਸ ਪਹੁੰਚਾਈ ਹੈ।

ਸੰਭਾਵੀ ਤੌਰ 'ਤੇ ਅਯੋਗ ਕਰਾਰ ਦਿੱਤੇ ਗਏ ਦੁਰਵਿਹਾਰ/ਬਦਸਲੂਕੀਆਂ ਦੀਆਂ ਉਦਾਹਰਨਾਂ:

- ਅਵੱਗਿਆ/ਨਾ ਫਰਮਾਨੀ
- ਇੱਕ ਤੋਂ ਵਧੇਰੇ ਚੇਤਾਵਨੀਆਂ ਦੇ ਬਾਅਦ ਵੀ ਬਾਰ ਬਾਰ ਢਿੱਲਾਪਣ ਜਾਂ ਗੈਰਹਾਜ਼ਰੀ
- ਚੋਰੀ ਕਰਨਾ
- ਕੰਮ 'ਤੇ ਸੌਣਾ
- ਨਸ਼ਾ ਕਰਨਾ

ਜੇ ਤੁਹਾਨੂੰ ਨਿਮਨਲਿਖਤ ਕਾਰਨਾਂ ਕਰਕੇ ਨੌਕਰੀ ਤੋਂ ਕੱਢਿਆ ਗਿਆ ਸੀ ਤਾਂ ਤੁਸੀਂ ਬੇਰੋਜ਼ਗਾਰੀ ਲਾਭਾਂ ਦੇ ਹੱਕਦਾਰ ਹੋ ਸਕਦੇ ਹੋ :

- ਕੰਮ ਦੀ ਮਾੜੀ ਕਾਰਗੁਜ਼ਾਰੀ
- ਆਮ ਲਾਪਰਵਾਹੀ ਦੀਆਂ ਵੱਖ-ਵੱਖ ਉਦਾਹਰਨਾਂ ਜਾਂ ਨਿਰਣਾ ਕਰਨ ਵਿੱਚ ਸਦਭਾਵਨਾ ਨਾਲ ਗਲਤੀ

- ਰੁਜ਼ਗਾਰਦਾਤਾ ਦਾ ਜਾਂ ਤਾਂ ਤੁਹਾਡੇ ਨਾਲ ਜਾਂ ਦੂਜੇ ਕਰਮਚਾਰੀਆਂ ਨਾਲ ਲਚਕਦਾਰ ਵਿਵਹਾਰ
- ਜੇ ਨੌਕਰੀ ਤੋਂ ਕੱਢਣ ਦਾ ਮੁੱਖ ਕਾਰਨ ਦੁਰਵਿਵਹਾਰ ਤੋਂ ਇਲਾਵਾ ਕੁਝ ਹੋਰ ਸੀ, ਤਾਂ ਤੁਸੀਂ ਲਾਭ ਲੈਣ ਵਾਸਤੇ ਯੋਗ ਹੋ ਸਕਦੇ ਹੋ

### 4. ਤੁਹਾਡੀਆਂ ਪਿਛਲੀਆਂ ਕਮਾਈਆਂ ਕਾਫੀ ਹੋਣੀਆਂ ਚਾਹੀਦੀਆਂ ਹਨ।

ਯੋਗ ਹੋਣ ਲਈ ਤੁਸੀਂ ਪਿਛਲੇ 15-17 ਮਹੀਨਿਆਂ ਦੇ ਅੰਦਰ ਦੀ ਮਿਆਦ ਦੌਰਾਨ ਕਾਫ਼ੀ ਤੰਨਖਾ ਕਮਾਈ ਹੋਣੀ ਚਾਹੀਦੀ ਹੈ। ਤੁਹਾਡੀ ਹਫ਼ਤਾਵਾਰੀ ਲਾਭ ਦੀ ਰਕਮ ਇਸ ਮਿਆਦ ਦੇ ਦੌਰਾਨ ਤੁਸੀਂ ਜੋ ਕਮਾਈ ਕੀਤੀ ਹੈ ਉਸ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ। ਹੋਰ ਜਾਣਕਾਰੀ Sਲਈ EDD ਨਾਲ ਸੰਪਰਕ ਕਰੋ।

### 5. ਤੁਹਾਨੂੰ ਰਿਪੋਰਟ ਕੀਤੀਆਂ ਸਾਰੀਆਂ ਲੋੜਾਂ ਦੀ ਪਾਲਣਾ ਕਰਨੀ ਹੋਵੇਗੀ।

ਅਗਲਾ ਪੈਨਲ, "ਲਾਭ ਲੈਣ ਵਾਸਤੇ ਅਰਜ਼ੀ ਦੇਣ ਲਈ" ਦੇਖੋ।

## ਲਾਭਾਂ ਵਾਸਤੇ ਅਰਜ਼ੀ ਦੇਣਾ

ਇਮਪਲਾਇਮੈਂਟ ਡਿਵੈਲਪਮੈਂਟ ਡਿਪਾਰਟਮੈਂਟ (EDD) ਜਨਤਾ ਦੇ ਨਾਲ ਸਾਰੇ ਕਾਰੋਬਾਰਾਂ ਦਾ ਸੰਚਾਲਨ ਟੈਲੀਫ਼ੋਨ ਅਤੇ ਡਾਕ ਰਾਹੀਂ ਕਰਦਾ ਹੈ।

1. ਦਾਅਵਾ ਦਾਇਰ ਕਰਨ ਲਈ ਹੇਠਾਂ ਦਿੱਤੇ EDD ਦੇ ਫ਼ੋਨ ਨੰਬਰ 'ਤੇ ਕਾਲ ਕਰੋ ਅਤੇ ਉਹਨਾਂ ਨੂੰ ਮੁੱਢਲੀ ਜਾਣਕਾਰੀ ਦਿਓ। EDD ਤੁਹਾਨੂੰ ਇੱਕ ਟੈਲੀਫੋਨ ਇੰਟਰਵਿਊ ਲਈ ਸਮਾਂ ਦੇਵੇਗਾ।

2. ਟੈਲੀਫੋਨ ਇੰਟਰਵਿਊ: ਇਹ ਇੰਟਰਵਿਊ ਸ਼ੁਰੂਆਤੀ ਯੋਗਤਾ ਦਾ ਨਿਰਣਾ ਕਰਦਾ ਹੈ। EDD ਨਾਲ ਪੂਰੀ ਤਰ੍ਹਾਂ ਇਮਾਨਦਾਰ ਰਹੋ। ਗਲਤ ਬਿਆਨਬਾਜ਼ੀ ਕਰਨ ਦੇ ਨਤੀਜੇ ਵਜੋਂ ਲਾਭ ਮਿਲਣ ਦੀ ਮਨਾਹੀ ਜਾਂ -ਉਸ ਦੇ ਨਤੀਜੇ ਵਜੋਂ ਅਪਰਾਧਿਕ ਦੋਸ਼ ਵੀ ਲੱਗ ਸਕਦੇ ਹਨ। ਵਾਧੂ ਇੰਟਰਵਿਊ ਦੀ ਜ਼ਰੂਰਤ ਪੈ ਸਕਦੀ ਹੈ ਸਕਦੀ ਹੈ।

3. ਦਾਅਵਾ ਫਾਰਮ: ਲਾਭ ਪ੍ਰਾਪਤੀ ਦਾਅਵਾ ਜਾਰੀ ਰੱਖਣ ਲਈ, ਤੁਹਾਨੂੰ ਇੱਕ ਦਾਅਵਾ ਜਾਰੀ ਫਾਰਮ ਭਰਨਾ ਹੋਵੇਗਾ ਅਤੇ ਉਸਨੂੰ ਹਰ ਦੋ ਹਫ਼ਤਿਆਂ ਵਿੱਚ EDD ਨੂੰ ਜਮ੍ਹਾਂ ਕਰਵਾਉਣਾ ਹੋਵੇਗਾ। ਤੁਹਾਨੂੰ ਪਹਿਲੇ ਹਫ਼ਤੇ 'ਚ ਲਾਭ ਪ੍ਰਾਪਤ ਨਹੀਂ ਹੋਣਗੇ, ਪਰ ਤੁਹਾਨੂੰ ਉਸ ਹਫ਼ਤੇ ਲਈ ਕਲੇਮ ਫਾਰਮ ਭਰਨਾ ਲਾਜ਼ਮੀ ਹੋਵੇਗਾ।

4. ਇਨਕਾਰ ਬਾਰੇ ਅਪੀਲ ਕਰਨਾ: ਜੇ ਤੁਹਾਡੇ ਦਾਅਵੇ ਨੂੰ ਨਾਮੰਜ਼ੂਰ ਕੀਤਾ ਜਾਂਦਾ ਹੈ, ਤਾਂ ਤੁਹਾਨੂੰ ਦੱਸੀ ਗਈ ਸਮਾਂ ਸੀਮਾ ਤੋਂ ਪਹਿਲਾਂ ਅਪੀਲ ਦਾਇਰ ਕਰਨੀ ਹੋਵੇਗੀ। ਤੁਸੀਂ ਬਸ ਇੱਕ ਚਿੱਠੀ ਲਿਖਣੀ ਹੈ, ਜਿਸ ਵਿਚ ਲਿਖਿਆ ਜਾਵੇ ਕਿ, "ਮੈਂ ਇਸ ਫ਼ੈਸਲੇ ਨਾਲ ਸਹਿਮਤ ਨਹੀਂ ਹਾਂ। ਮੈਂ ਅਪੀਲ ਕਰਨਾ ਚਾਹੁੰਦਾ/ ਚਾਹੁੰਦੀ ਹਾਂ।

5. ਸੁਣਵਾਈ: ਇੱਕ ਪ੍ਰਸ਼ਾਸ਼ਕੀ ਕਾਨੂੰਨ ਜੱਜ ਅਪੀਲ ਦੀ ਸੁਣਵਾਈ ਦਾ ਸੰਚਾਲਨ ਕਰੇਗਾ। ਸੁਣਵਾਈ ਤੋਂ ਪਹਿਲਾਂ ਆਪਣੀ ਫਾਈਲ ਦੀ ਜਾਂਚ ਕਰੋ। ਕੋਈ ਵਕੀਲ ਜਾਂ ਅਟਾਰਨੀ ਤੁਹਾਡੀ ਨੁਮਾਇੰਦਗੀ ਕਰ ਸਕਦਾ ਹੈ। ਤੁਸੀਂ ਅਜਿਹੇ ਗਵਾਹ ਨੂੰ ਨਾਲ ਲਿਆ ਸਕਦੇ ਹੋ ਜੋ ਤੁਹਾਡੇ ਵਾਸਤੇ ਗਵਾਹੀ ਦੇ ਸਕਦੇ ਹਨ।

**UI ਲਾਭਾਂ ਲਈ ਅਰਜ਼ੀ ਦੇਣ ਲਈ, ਇਸ ਨੰਬਰ 'ਤੇ EDD ਨਾਲ ਸੰਪਰਕ ਕਰੋ**
**1-800-300-5616 (ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ)।**

# ਆਪਣੇ ਅਧਿਕਾਰ ਜਾਣੋ:

# ਬੇਰੁਜ਼ਗਾਰੀ ਬੀਮੇ ਦਾ ਲਾਭ ਲੈਣ ਲਈ ਅਰਜ਼ੀ ਕਿਵੇਂ ਦੇਣੀ ਹੈ

Unemployment Insurance

ASIAN AMERICANS ADVANCING JUSTICE
ASIAN LAW CAUCUS

55 Columbus Ave.
San Francisco, CA 94111

**ਟੈਲੀਫੋਨ** (415) 896-1701

**ਫੈਕਸ** (415) 896-1702

www.asianlawcaucus.org

*ਏਸ਼ੀਅਨ ਲਾਅ ਕਾਕਸ (Asian Law Caucus) ਦਾ ਮਿਸ਼ਨ ਏਸ਼ੀਅਨ ਅਤੇ ਪੈਸੀਫਿਕ ਆਈਲੈਂਡਰ ਦੀਆਂ ਕਮਿਊਨਿਟੀਆਂ ਦੇ ਕਨੂੰਨੀ ਅਤੇ ਨਾਗਰਿਕ ਅਧਿਕਾਰਾਂ ਦਾ ਪ੍ਰਚਾਰ ਕਰਨਾ ਹੈ, ਇਹਨਾਂ ਨੂੰ ਅੱਗੇ ਵਧਾਉਣਾ ਅਤੇ ਇਹਨਾਂ ਦੀ ਪ੍ਰਤੀਨਿਧਤਾ ਕਰਨਾ ਹੈ। ਇਸ ਤੱਥ ਨੂੰ ਸਵੀਕਾਰ ਕਰਦੇ ਹੋਏ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਨਸਲੀ ਅਸਮਾਨਤਾਵਾਂ ਮੌਜੂਦ ਹਨ, ਏਸ਼ੀਅਨ ਲਾਅ ਕਾਕਸ (Asian Law Caucus) ਸਾਡੇ ਸਮਾਜ ਦੇ ਸਾਰੇ ਲੋਕਾਂ ਵਾਸਤੇ ਬਰਾਬਰੀ ਅਤੇ ਨਿਆਂ ਦੀ ਪ੍ਰਾਪਤੀ ਲਈ ਵਚਨਬੱਧ ਹੈ, ਜਦਕਿ ਇਸਦਾ ਵਿਸ਼ੇਸ਼ ਫੋਕਸ ਘੱਟ ਆਮਦਨ ਵਾਲੇ ਏਸ਼ੀਆਈ ਅਤੇ ਪੈਸੀਫਿਕ ਆਈਲੈਂਡਰਜ਼ ਦੀਆਂ ਲੋੜਾਂ ਨੂੰ ਪੂਰਾ ਕਰਨ ਵੱਲ ਹੈ।*

**ਅਸੀਂ ਇਸ ਬਰੌਸ਼ਰ ਨੂੰ ਮੁੜ-ਪ੍ਰਕਾਸ਼ਿਤ ਕਰਨ ਲਈ ਉਤਸ਼ਾਹਿਤ ਕਰਦੇ ਹਾਂ ਅਤੇ ਕੇਵਲ ਇਹ ਮੰਗ ਕਰਦੇ ਹਾਂ ਕਿ ਦੁਬਾਰਾ -ਪ੍ਰਿੰਟ ਕਰਦੇ ਸਮੇਂ ਤੁਸੀਂ ਏਸ਼ੀਅਨ ਲਾਅ ਕਾਕਸ (Asian Law Caucus) ਨੂੰ ਕ੍ਰੈਡਿਟ ਦਿਓ।**

**ਆਖਰੀ ਅਪਡੇਟ: 10/01/2021**